This question paper contains 2 printed pages]

Roll No. | | | | | | | | | | | |

S. No. of Question Paper : **8065**

Unique Paper Code : **62121901** **GC**

Name of the Paper : **Med. Narrative Poetry, Autobiography & Functional Punjabi**

Name of the Course : **B.A. (Prog.)**

Semester : **III**

Duration : **3 Hours** Maximum Marks : **75**

*(Write your Roll No. on the top immediately on receipt of this question paper.)*

**ਨੋਟ :** ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।

1. ਮੱਧਕਾਲੀ ਬਿਰਤਾਂਤਕ ਕਵਿਤਾ ਦੇ ਸਿਧਾਂਤਕ ਪੱਖਾਂ ਨਾਲ ਜਾਣ ਪਛਾਣ ਕਰਾਓ। 15

ਜਾਂ

ਹੇਠਾਂ ਲਿਖੇ ਕਿੱਸਿਆਂ ਵਿਚੋਂ ਕਿਸੇ ਇਕ ਦੀ ਕਹਾਣੀ ਨੂੰ ਆਪਣੇ ਸ਼ਬਦਾਂ ਵਿਚ ਲਿਖੋ।

(ੳ) ਮਿਰਜ਼ਾ ਸਾਹਿਬਾਂ (ਅ) ਸੱਸੀ ਪੁੰਨੂ

2. ਕਿਸੇ ਇਕ ਕਾਵਿ-ਬੰਦ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : 10

(ੳ) ਅਵਲ ਹਮਦ ਖ਼ੁਦਾ ਦਾ ਵਿਰਦ ਕੀਜੇ, ਇਸ਼ਕ ਕੀਤਾ ਸੂ ਜੱਗ ਦਾ ਮੂਲ ਮੀਆਂ।
ਪਹਿਲੇ ਆਪ ਹੀ ਰੱਬ ਨੇ ਇਸ਼ਕ ਕੀਤਾ, ਤੇ ਮਾਸ਼ੂਕ ਹੈ ਨਬੀ ਰਸੂਲ ਮੀਆਂ।
ਇਸ਼ਕ ਪੀਰ ਫ਼ਕੀਰ ਦਾ ਮਰਤਬਾ ਹੈ, ਮਰਦਿ ਇਸ਼ਕ ਦਾ ਭਲਾ ਰੰਜੂਲ ਮੀਆਂ।
ਖੁਲ੍ਹੇ ਤਿਨ੍ਹਾਂ ਦੇ ਬਾਗ਼ ਕਲੂਬ ਅੰਦਰ, ਜਿਨ੍ਹਾਂ ਕੀਤਾ ਹੈ ਇਸ਼ਕ ਕਬੂਲ ਮੀਆਂ।

(ਅ) ਜੰਗ ਹਿੰਦ ਪੰਜਾਬ ਦਾ ਹੋਣ ਲੱਗਾ, ਦੋਵੇਂ ਪਾਤਸ਼ਾਹੀਆਂ ਫੌਜਾਂ ਭਾਰੀਆਂ ਨੀ।
ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ, ਜਿਹੜੀਆਂ ਖ਼ਾਲਸੇ ਨੇ ਤੇਗਾਂ ਮਾਰੀਆਂ ਨੀ।
ਘੋੜੇ ਆਦਮੀ ਗੋਲਿਆਂ ਨਾਲ ਉੱਡਣ, ਹਾਥੀ ਢਹਿੰਦੇ ਸਣੇ ਅੰਬਾਰੀਆਂ ਨੀ।
ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ, ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀ।

3. ਸ਼ਬਦ-ਸ਼ਕਤੀ ਤੋਂ ਕੀ ਭਾਵ ਹੈ ? ਇਸ ਦੀਆਂ ਕਿਸਮਾਂ ਨਾਲ ਜਾਣ-ਪਛਾਣ ਕਰਾਓ। 10

4. ਕਾਰਕ ਅਤੇ ਉਸ ਦੇ ਦੋ ਭੇਦਾਂ ਬਾਰੇ ਉਦਾਹਰਣਾਂ ਸਹਿਤ ਲਿਖੋ। 5

5. ਹੇਠਾਂ ਲਿਖੇ ਪੈਰ੍ਹੇ ਨੂੰ ਧਿਆਨ ਨਾਲ ਪੜ੍ਹ ਕੇ ਪੁੱਛੇ ਗਏ ਸਵਾਲਾਂ ਦੇ ਜਵਾਬ ਦਿਓ : 10

ਜਨ ਸੰਪਰਕ ਦੇ ਹਰ ਕਾਰਜ ਅਤੇ ਹਰ ਪੱਖ ਦੀ ਸਫ਼ਲਤਾ ਇਕ ਚੀਜ਼ ਉਪਰ ਨਿਰਭਰ ਕਰਦੀ ਹੈ, ਉਹ ਹੈ ਸੰਚਾਰ। ਜੇ ਸੰਚਾਰ ਹੀ ਸਰਲ ਤੇ ਸਫਲ ਨਹੀਂ ਹੋਵੇਗਾ ਤਾਂ ਜਨ-ਸੰਪਰਕ ਦੇ ਸਾਰੇ ਸਾਧਨ ਅਤੇ ਮਾਧਿਅਮ ਨਿਸਫਲ ਹੋ ਜਾਣਗੇ। ਜਨ ਸੰਪਰਕ ਦੂਜੇ ਦੀ ਰਾਇ ਨੂੰ ਪ੍ਰਭਾਵਤ ਕਰਕੇ ਆਪਣੇ ਨਾਲ ਸਹਿਮਤ ਕਰਨਾ ਹੈ। ਰਾਇ ਨੂੰ ਪ੍ਰਭਾਵਿਤ ਕਰਨ ਦੇ ਕਈ ਤਰੀਕੇ ਹਨ - ਸ਼ਕਤੀ ਦੀ ਵਰਤੋਂ, ਧਨ ਖਰਚਣਾ, ਪ੍ਰੇਰਨਾ ਰਾਹੀਂ। ਜਨ-ਸੰਪਰਕ ਇਕੋ ਹੀ ਸਾਧਨ ਵਰਤਦਾ ਹੈ ਅਤੇ ਉਹ ਹੈ ਪ੍ਰੇਰਨਾ। ਸਿਰਫ ਸੰਚਾਰ ਰਾਹੀਂ ਪ੍ਰੇਰਿਤ ਕਰਨਾ। ਇਸ ਵਾਸਤੇ ਸੰਚਾਰ ਨੂੰ ਜਨ-ਸੰਪਰਕ ਪ੍ਰਕਿਰਿਆ ਵਿਚ ਮਹੱਤਵਪੂਰਣ ਸਥਾਨ ਦਿੱਤਾ ਜਾਂਦਾ ਹੈ। ਸਫਲ ਸੰਚਾਰ ਉਹੀ ਹੈ ਜਿਸ ਵਿਚ ਸੂਚਨਾ ਦੇਣ ਅਤੇ ਲੈਣ ਵਾਲੇ ਵਿਚਕਾਰ ਵੱਧ ਤੋਂ ਵੱਧ ਸਾਂਝ ਪੈਦਾ ਕੀਤੀ ਜਾ ਸਕੇ। ਚੰਗੇ ਸੰਚਾਰ ਨਾਲ ਹੀ ਆਪਸੀ ਤਾਲਮੇਲ ਰਖਿਆ ਜਾ ਸਕਦਾ ਹੈ। ਇਉਂ ਸੰਚਾਰ ਮਨੁੱਖਾਂ ਵਿਚਾਲੇ ਵਿਚਾਰਾਂ ਦੇ ਪ੍ਰਗਟਾਵੇ ਨਾਲ ਸਾਂਝ ਪਾਉਣ ਦਾ ਇਕ ਸਾਧਨ ਬਣ ਜਾਂਦਾ ਹੈ।

ਪ੍ਰਸ਼ਨ :-

(ੳ) ਉਪਰਲੇ ਪੈਰ੍ਹੇ ਦਾ ਢੁੱਕਵਾਂ ਸਿਰਲੇਖ ਦੱਸੋ।

(ਅ) ਜਨ ਸੰਪਰਕ ਦੀ ਸਫਲਤਾ ਕਿਸ ਉਪਰ ਨਿਰਭਰ ਕਰਦੀ ਹੈ ?

(ੲ) ਜਨ ਸੰਪਰਕ ਅਤੇ ਸੰਚਾਰ ਵਿਚ ਕੀ ਅੰਤਰ ਹੈ ?

(ਸ) ਲਕੀਰੇ ਸ਼ਬਦਾਂ ਦੇ ਅਰਥ ਸਮਝਾਓ।

6. ਬਚਿੰਤ ਕੌਰ ਦੀ ਸ੍ਵੈਜੀਵਨੀ 'ਪਗਡੰਡੀਆਂ' ਨੂੰ ਇਕ ਸ੍ਵੈਜੀਵਨੀ ਦੇ ਤੌਰ 'ਤੇ ਪਰਖੋ। 15

ਜਾਂ

ਇਸ ਪੁਸਤਕ ਵਿਚੋਂ ਤੁਹਾਨੂੰ ਕਿਹੜੀ ਘਟਨਾ ਸਭ ਤੋਂ ਵਧ ਚੰਗੀ ਲਗੀ ਹੈ ਤੇ ਕਿਉਂ। ਵਿਸਤਾਰ ਨਾਲ ਲਿਖੋ।

7. ਹੇਠ ਲਿਖੇ ਅਧਿਆਇ ਵਿਚੋਂ ਕਿਸੇ ਇਕ ਦਾ ਸੰਖੇਪ ਸਾਰ ਲਿਖੋ : 10

(ੳ) ਤਿਥੀ ਵਾਰ ਨ ਜੋਗੀ ਜਾਣੈ

(ਅ) ਅਲ੍ਹੜ ਵਰੇਸ

(ੲ) ਸ਼ੀਸ਼ ਮਹਿਲ

(ਸ) ਮਾਰੂਥਲ ਦੀਆਂ ਪੈੜਾਂ

(ਹ) ਜੋਬਨ ਰੁੱਤ